**BCM SCHOOL, BASANT AVENUE, DUGRI**
**CLASS- III SESSION 2025-26**
**SUBJECT-Punjabi**

i) ਹੇਠ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:

ਇੱਕ ਆਸ਼ਰਮ ਵਿੱਚ ਅੰਬ ਦੇ ਦਰੱਖ਼ਤ ਤੇ ਇੱਕ ਤੋਤਾ ਤੇ ਤੋਤੀ ਰਹਿੰਦੇ ਸਨ। ਆਸ਼ਰਮ ਦਾ ਸਾਧੂ ਤੋਤੇ ਦੇ ਰੌਲੇ ਤੋਂ ਬਹੁਤ ਦੁਖੀ ਸੀ। ਇੱਕ ਦਿਨ ਸਾਧੂ ਨੇ ਪਿੰਜਰਾ ਲਿਆਂਦਾ ਤੇ ਕੁਝ ਖਾਣ ਨੂੰ ਰੱਖ ਕੇ ਉਸਨੂੰ ਦਰੱਖ਼ਤ ਦੇ ਉੱਪਰ ਟੰਗ ਦਿੱਤਾ। ਤੋਤਾ ਉਸ ਵਿੱਚ ਫਸ ਗਿਆ। ਸਾਧੂ ਨੇ ਸੋਚਿਆ ਕਿ ਉਹ ਅਗਲੀ ਸਵੇਰ ਉਸ ਨੂੰ ਕਿਤੇ ਦੂਰ ਛੱਡ ਆਵੇਗਾ। ਤੋਤੀ ਰੋਂਦੀ-ਰੋਂਦੀ ਆਪਣੀ ਸਹੇਲੀ ਘੁੱਗੀ ਕੋਲ ਗਈ। ਘੁੱਗੀ ਨੇ ਕਿਹਾ ਜਦ ਸਵੇਰੇ ਸਾਧੂ ਆਵੇਗਾ ਤਾਂ ਤੋਤੇ ਨੂੰ ਕਹਿ ਉਹ ਮਰਨ ਦਾ ਨਾਟਕ ਕਰੇਗਾ। ਇਸ ਤਰ੍ਹਾਂ ਸਾਧੂ ਉਸਨੂੰ ਪਿੰਜਰੇ ਵਿੱਚੋਂ ਬਾਹਰ ਕੱਢ ਦੇਵੇਗਾ ਅਤੇ ਉਹ ਉੱਡ ਜਾਵੇਗਾ। ਤੋਤੇ ਨੇ ਇਸ ਤਰ੍ਹਾਂ ਹੀ ਕੀਤਾ ਅਤੇ ਉਹ ਅਜ਼ਾਦ ਹੋ ਗਿਆ।

ਪ੍ਰ: 1 ਪਿੰਜਰੇ ਵਿੱਚ ਕੌਣ ਫਸ ਗਿਆ?
ਘੁੱਗੀ ਤੋਤਾ ਤੋਤੀ

ਪ੍ਰ:2 ਤੋਤੀ ਰੋਂਦੀ-ਰੋਂਦੀ ਕਿਸ ਕੋਲ ਗਈ?
ਸਾਧੂ ਕੋਲ ਦਰੱਖ਼ਤ ਕੋਲ ਘੁੱਗੀ ਕੋਲ

ਪ੍ਰ:3 ਸਹੀ ਵਿਕਲਪ ਚੁਣ ਕੇ ਖਾਲੀ ਥਾਂ ਭਰੋ:
ਇੱਕ ਦਿਨ ਸਾਧੂ ਨੇ_______ ਲਿਆਂਦਾ।
ਪਿੰਜਰਾ ਅੰਬ ਤੋਤਾ

ਪ੍ਰ:4 ਸਹੀ ਵਿਕਲਪ ਚੁਣ ਕੇ ਵਚਨ ਬਦਲੋ:
ਰੁੱਖਾਂ-
ਰੁੱਖਾ ਰੁੱਖੇ ਰੁੱਖ

ਪ੍ਰ:5 ਸਹੀ ਵਿਕਲਪ ਚੁਣ ਕੇ ਵਿਰੋਧੀ ਸ਼ਬਦ ਲਿਖੋ:
ਅੰਦਰ-
ਆਉਣਾ ਬਾਹਰ ਟੰਗ

ii) ਹੇਠ ਦਿੱਤਾ ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਦਿਓ:

ਜਿੱਥੇ ਮਨੁੱਖ ਸੂਰਜ ਤੇ ਨਿਰਭਰ ਹੈ, ਉੱਥੇ ਪੌਦੇ ਵੀ ਇਸ ਦੀਆਂ ਕਿਰਨਾਂ ਰਾਹੀਂ ਆਪਣਾ ਭੋਜਨ ਪ੍ਰਾਪਤ ਕਰਦੇ ਹਨ। ਇਸ ਲਈ ਸਾਨੂੰ ਕੁਦਰਤੀ ਸ੍ਰੋਤਾਂ ਦੀ ਕਦਰ ਕਰਨੀ ਚਾਹੀਦੀ ਹੈ।

ਪ੍ਰ:1 ਸੂਰਜ ਦੀਆਂ ਕਿਰਨਾਂ ਰਾਹੀਂ ਕੌਣ ਆਪਣਾ ਭੋਜਨ ਪ੍ਰਾਪਤ ਕਰਦੇ ਹਨ?

ਉੱਤਰ ਪੌਦੇ

ਪ੍ਰ:2 ਸਾਨੂੰ ਕੁਦਰਤੀ ਸ੍ਰੋਤਾਂ ਦੀ ਕੀ ਕਰਨੀ ਚਾਹੀਦੀ ਹੈ?

ਉੱਤਰ ਕਦਰ

ਪ੍ਰ:3 ਖਾਲੀ ਥਾਵਾਂ ਭਰੋ:

ਮਨੁੱਖ__ਸੂਰਜ_ਤੇ ਨਿਰਭਰ ਕਰਦਾ ਹੈ।

ਪ੍ਰ:4 ਵਚਨ ਬਦਲੋ:

ਪੌਦਾ - ਪੌਦੇ

iii) ਸਹੀ ਵਿਕਲਪ ਚੁਣੋ ਅਤੇ ਗੋਲਾ ਲਗਾਉ:

1. ਹਫ਼ਤੇ ਦਾ ਪਹਿਲਾ ਦਿਨ ਕਿਹੜਾ ਹੁੰਦਾ ਹੈ?

ਐਤਵਾਰ ਸੋਮਵਾਰ ਵੀਰਵਾਰ

2. ਪੂਰਬ ਦਾ ਵਿਰੋਧੀ ਸ਼ਬਦ ਕੀ ਹੈ?

ਉੱਤਰ ਧਰਤੀ ਪੱਛਮ

3. ਇੱਕ ਤੋਂ ਬਾਅਦ ਕੀ ਆਉਂਦਾ ਹੈ?

ਦੋ ਸੱਤ ਅਨੇਕ

4. ਸੰਦੂਕ ਸ਼ਬਦ ਦਾ ਇਸਤਰੀ ਲਿੰਗ ਰੂਪ ਚੁਣੋ:

ਸੰਦੂਕੀ ਸੰਦੂਕਰੀ ਸੰਦੂਕੜੀ

5. ਨਿਅਤ ਦਾ ਸ਼ੁੱਧ ਰੂਪ ਚੁਣੋ:

ਨੀਯਤ ਨਿਯਤ ਨੀਅਤ

iv) ਹੇਠ ਲਿਖੇ ਸ਼ਬਦਾਂ ਦੇ ਉੱਤਰ ਕੁਝ ਸ਼ਬਦਾਂ ਵਿੱਚ ਦਿਓ:

1.ਗੁੱਲੀ ਡੰਡੇ ਵਿੱਚ ਡੰਡੇ ਦੀ ਲੰਬਾਈ ਕਿੰਨੀ ਹੁੰਦੀ ਹੈ?

ਇੱਕ ਫੁੱਟ ਤੋਂ ਢਾਈ ਫੁੱਟ।

2.ਬੱਚੇ ਆਪਣੀ ਵਾਰੀ ਕਿਵੇਂ ਨਿਯਤ ਕਰਦੇ ਹਨ?

ਪੁੱਗ ਕੇ ।